ਪੰਜਾਬ ਸਰਕਾਰ
ਭਲਾਈ ਵਿਭਾਗ
(ਰਿਜਰਵੇਸ਼ਨ ਸੈਲ)

ਸੇਵਾ ਵਿਖੇ,

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ, ਪੰਜਾਬ,
ਚੰਡੀਗੜ੍ਹ ।

ਮੀਮੋ ਨੰ : 1/9/2011-ਰਸ1/ 878
ਮਿਤੀ , ਚੰਡੀਗੜ੍ਹ 21.10.11

ਵਿਸ਼ਾ :- ਦੂਜੇ ਰਾਜਾਂ ਤੋਂ ਪੰਜਾਬ ਰਾਜ ਵਿੱਚ ਮਾਈਗਰੇਟ(Migrate) ਹੋ ਕੇ ਆਏ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਅਨੁਸੂਚਿਤ ਜਾਤੀਆਂ ਲਈ ਉਪਲੱਬਧ ਲਾਭ ਦੇਣ ਬਾਰੇ ।

ਉਪਰੋਕਤ ਵਿਸ਼ੇ ਤੇ ਪ੍ਰਬੰਧਕੀ ਵਿਭਾਗ ਦੀ ਫਾਈਲ ਨੰ : 17/85/11-1ਸਪ3, ਮਿਤੀ 27-7-2011 ਦੇ ਹਵਾਲੇ ਵਿੱਚ ।

2. ਇਸ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਭਾਰਤ ਸਰਕਾਰ ਦੇ ਪੱਤਰ ਨੰ : ਬੀ.ਸੀ. 1614, ਮਿਤੀ 6-8-1984 ਰਾਹੀ ਜਾਰੀ ਹਦਾਇਤਾਂ ਦੇ ਸਨਮੁੱਖ ਭਲਾਈ ਵਿਭਾਗ ਵਲੋਂ ਆਪਣੇ ਪੱਤਰ ਨੰ: 1/52/19-ਰਸ1/713, ਮਿਤੀ 17-1-1996 ਰਾਹੀਂ ਸਪੱਸਟ ਕੀਤਾ ਗਿਆ ਸੀ ਕਿ ਦੂਜੇ ਰਾਜਾਂ ਤੋਂ ਮਾਈਗ੍ਰੇਟ ਹੋ ਕੇ ਆਏ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਪੰਜਾਬ ਰਾਜ ਵਿੱਚ ਅਨੁਸੂਚਿਤ ਜਾਤੀ ਲਈ ਉਪਲਬਧ ਲਾਭ ਨਹੀਂ ਦਿੱਤੇ ਜਾ ਸਕਦੇ । ਇਸ ਸਬੰਧੀ ਭਾਰਤ ਸਰਕਾਰ ਦੀਆਂ ਹਦਾਇਤਾਂ ਮਿਤੀ 6-8-1984 ਵਿੱਚ ਹੇਠ ਲਿਖੇ ਅਨੁਸਾਰ ਸਪੱਸ਼ਟ ਕੀਤਾ ਗਿਆ ਹੈ :-

> "It is, however, clarified that the Scheduled Caste/Scheduled Tribe Person on migration from the State of his orgin to another State will not lose his status as Scheduled Caste/Scheduled Tribe but he will be entitled to the concessions/benefits admissible to the Scheduled Castes/Scheduled Tribes from the State of his origin and not from the State where he has migrated."

3. ਇਸ ਸਬੰਧੀ ਭਲਾਈ ਵਿਭਾਗ ਵਲੋਂ ਆਪਣੇ ਪੱਤਰ ਨੰ : 15/13/1999/1134, ਮਿਤੀ 2-12-1999 ਰਾਹੀ ਸਪੱਸਟੀਕਰਨ ਵੀ ਜਾਰੀ ਕੀਤਾ ਗਿਆ ਸੀ । ਜਿਥੋਂ ਤੱਕ ਦੂਜੇ ਰਾਜਾਂ ਤੋਂ ਮਾਈਗ੍ਰੇਟ ਹੋ ਕੇ ਆਏ ਅਨੁਸੂਚਿਤ ਜਾਤੀ ਦੇ ਵਿਅਕਤੀਆਂ, ਜੋ ਭਾਰਤ ਸਰਕਾਰ ਦੀਆਂ ਹਦਾਇਤਾਂ ਮਿਤੀ 6-8-84 ਤੋਂ ਪਹਿਲਾ ਨੌਕਰੀ ਵਿੱਚ ਆ ਗਏ ਸਨ, ਨੂੰ ਤਰੱਕੀ ਵਿੱਚ ਲਾਭ ਦੇਣ ਦਾ ਸਵਾਲ ਹੈ , ਸਬੰਧੀ ਸਪੱਸਟ ਕੀਤਾ ਜਾਂਦਾ ਹੈ ਕਿ ਇਹ ਲਾਭ ਉਹਨਾਂ ਨੂੰ ਨਹੀਂ ਦਿੱਤਾ ਜਾ ਸਕਦਾ ਕਿਉਂਕਿ ਉਹ ਤਰੱਕੀ ਵਿੱਚ ਲਾਭ ਉਦੋਂ ਮੰਗ ਰਹੇ ਹਨ, ਜਦੋਂ ਇਹ ਹਦਾਇਤਾਂ ਹੋਂਦ ਵਿੱਚ ਹਨ ।

4. ਇਹ ਪੱਤਰ ਮਾਨਯੋਗ ਮੁੱਖ ਮੰਤਰੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਗਿਆ ਹੈ ।

ਸੰਯੁਕਤ ਸਕੱਤਰ ਭਲਾਈ